ECONSPEAK: A Journal of Advances in Management IT & Social Sciences,
Vol. 13, Issue 11, November 2023 Impact Factor 8.049 ISSN: (2231-4571)
www.skirec.org Email Id: skirec.org@gmail.com RESEARCHERID THOMSON REUTERS

# ਥ੍ਰੈਸ਼ਹੋਲਡ ਦਾ ਸਿਧਾਂਤ ਬਨਾਮ 'ਹੀਰ' ਵਾਰਿਸ

**ਹਰਵਿੰਦਰ ਕੌਰ,**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।

ਦਹਿਲੀਜ਼ ਭਾਰਤੀ ਸਮਾਜ ਵਿਚ ਇਕ ਆਮ ਵਰਤਿਆ ਜਾਣ ਵਾਲਾ ਸ਼ਬਦ ਹੈ। ਪਰ ਪਿਛਲੇ ਕੁਝ ਸਮੇਂ ਤੋਂ ਨਾਰੀਵਾਦ ਬਾਰੇ ਪੜ੍ਹਦਿਆਂ ਅੰਗਰੇਜ਼ੀ ਵਿਚ ਲਿਖੀ ਕਿਤਾਬ 'ਦੀ ਲੌਅ ਅੱਫ਼ ਥ੍ਰੈੱਸ਼ਹੋਲਡ'(The Law of Threshhold)ਜੋ ਮਾਲਾਸ਼੍ਰੀ ਲਾਲ ਦੁਆਰਾ ਲਿਖੀ ਗਈ ਹੈ,ਪੜ੍ਹਣ ਨੂੰ ਮਿਲੀ। ਇਸ ਨੂੰ ਪੜ੍ਹਣ ਤੋਂ ਬਾਅਦ 'ਦਹਿਲੀਜ਼' ਸ਼ਬਦ ਦੇ ਨਵੇਂ ਮਾਇਨੇ ਸਮਝ ਵਿਚ ਆਏ। ਦਹਿਲੀਜ਼ ਦੇ ਨਿਯਮਾਂ ਨਾਲ ਜੁੜੇ ਇਹ ਤੱਥ ਸਾਡੇ ਸਮਾਜ ਵਿਚ ਸਾਮ੍ਹਣੇ ਤਾਂ ਹਨ,ਪਰ ਇਹਨਾਂ ਨੂੰ ਅਸੀਂ ਚੇਤਨ ਪੱਧਰ 'ਤੇ ਬਹੁਤ ਘੱਟ ਵਿਚਾਰਦੇ ਹਾਂ। ਦਹਿਲੀਜ਼ ਦੇ ਨਿਯਮਾਂ ਅਨੁਸਾਰ ਔਰਤ ਲਈ ਸਮਾਜ ਵਿਚ ਤਿੰਨ ਸਥਾਨ ਹਨ। ਪਹਿਲਾ ਸਥਾਨ ਦਹਿਲੀਜ਼ ਦੇ ਅੰਦਰ ਹੈ, ਦੂਜਾ ਇਸ ਦੇ ਉੱਪਰਲਾ ਅਤੇ ਤੀਜਾ ਸਥਾਨ ਦਹਿਲੀਜ਼ ਤੋਂ ਬਾਹਰ ਦਾ ਹੁੰਦਾ ਹੈ। ਇਹਨਾਂ ਤਿੰਨਾਂ ਸਥਾਨਾਂ 'ਤੇ ਹੀ ਔਰਤ ਦਾ ਜੀਵਣ ਪੱਧਰ, ਜਿਉਂਣ ਦਾ ਢੰਗ, ਰੁੱਤਬਾ ਅਤੇ ਚੁਣੌਤੀਆਂ ਆਦਿ ਬਦਲ ਜਾਂਦੇ ਹਨ। ਸਮਾਜ ਵਿਚ ਪਿਤਰਸੱਤਾ ਦਾ ਬੋਲਬਾਲਾ ਰਹਿਣ ਕਰਕੇ ਇਹ ਨਿਯਮ ਔਰਤਾਂ ਲਈ ਹੀ ਬਣੇ ਹਨ ਅਤੇ ਔਰਤਾਂ 'ਤੇ ਹੀ ਲਾਗੂ ਹੁੰਦੇ ਹਨ। ਮਰਦਾਂ ਲਈ ਦਹਿਲੀਜ਼ ਦਾ ਬਾਹਰੀ ਸਥਾਨ ਰਾਖਵਾਂ ਰੱਖਿਆ ਗਿਆ ਹੈ ਕਿਉਂਕਿ ਇਸ ਵਿਚ ਸਭ ਤੋਂ ਵੱਧ ਆਜ਼ਾਦੀ ਅਤੇ ਅਧਿਕਾਰ ਹੁੰਦੇ ਹਨ। ਦਹਿਲੀਜ਼ ਕੋਈ ਸੀਮਿੰਟ ਦੀ ਕੰਧ ਨਹੀਂ ਸਗੋਂ ਵਿਚਾਰਧਾਰਿਕ ਰੇਖਾ ਹੈ ਜੋ ਨਾਰੀ ਦੇ ਆਲੇ- ਦੁਆਲੇ ਉਸਾਰੀ ਜਾਂਦੀ ਹੈ। ਇਸ ਵਿਚਾਰਧਾਰਕ ਮਾਹੌਲ ਨਾਲ ਨਾਰੀ ਦੀ ਜ਼ਿਹਨੀ ਅਤੇ ਦੇਹਿਕ ਕਿਰਿਆ ਨੂੰ ਕਾਬੂ ਕੀਤਾ ਜਾਂਦਾ ਹੈ। ਮਾਲਾਸ਼੍ਰੀ ਲਾਲ ਅਨੁਸਾਰ,

> ਦਹਿਲੀਜ ਇੱਕ ਅਸਲ ਦੇ ਨਾਲ ਨਾਲ ਇੱਕ ਪ੍ਰਤੀਕਾਤਮਿਕ ਬੰਦਸ਼ ਹੈ,ਜੋ ਨਾਜ਼ੁਕ ਤਬਦੀਲੀ ਦੀ ਨਿਸ਼ਾਨਦੇਹੀ ਕਰਦੀ ਹੈ। ਪੁਰਸ਼ ਰਵਾਇਤੀ ਤੌਰ 'ਤੇ ਬਿਨਾ ਰੁਕਾਵਟ ਦੇ ਦਹਿਲੀਜ਼ ਨੂੰ ਪਾਰ ਗਏ ਹਨ ਅਤੇ ਦੋਹਾਂ ਦੁਨੀਆਂ ਵਿੱਚ ਸ਼ਾਮਲ ਹੋ ਗਏ ਹਨ।...ਔਰਤਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਘਰ ਦੀਆਂ ਸੀਮਾਵਾਂ ਵਿੱਚ ਕੇਵਲ ਇੱਕ ਹੀ ਸੰਸਾਰ ਵਿੱਚ ਵਸੀਆ ਰਹਿਣ।[1]

ਵਾਰਿਸ ਸ਼ਾਹ ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਮਕਬੂਲ ਸ਼ਾਇਰ ਹੈ। ਉਸਦੀ ਰਚਨਾ 'ਹੀਰ' ਪੰਜਾਬੀ ਸਾਹਿਤ ਜਗਤ ਵਿਚ ਵਿਲੱਖਣ ਸਥਾਨ ਰੱਖਦੀ ਹੈ। ਵਾਰਿਸ ਦੀ ਰਚਨਾ ਸਿਰਫ਼ ਹੀਰ ਦੇ ਰੋਮਾਂਸ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਇਹ ਰਚਨਾ ਆਪਣੇ ਆਪ ਵਿਚ ਉਸ ਸਮੇਂ ਦੀਆਂ ਭੂਗੋਲਿਕ, ਆਰਥਿਕ, ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸੱਭਿਆਚਾਰਿਕ ਕਦਰਾਂ-ਕੀਮਤਾਂ ਨੂੰ ਸਮਾਉਂਦੀ ਹੈ। ਜਿਸ ਵਿਚ ਸੱਤਾ ਅਤੇ ਗਿਆਨ ਪ੍ਰਵਚਨ ਮਰਦ ਦੀ ਸਰਦਾਰੀ ਦੀ ਗ਼ਵਾਹੀ ਭਰਦੇ ਹਨ। ਪਿੱਤਰੀਸੱਤਾ ਵੱਲੋਂ ਘੜ੍ਹੀਆਂ

ਸਮਾਜਿਕ ਪ੍ਰਸਿਥਤੀਆਂ ਵਿਚ ਮਰਦ ਅਤੇ ਔਰਤ ਵੱਖਰੀ-ਵੱਖਰੀ ਹੋਂਦ ਦੇ ਧਾਰਨੀ ਹਨ। ਮਰਦ ਆਪਣੇ ਪ੍ਰਵਚਨ ਅਨੁਸਾਰ ਔਰਤ ਦੀ ਜ਼ਿੰਦਗੀ ਨੂੰ ਕਾਬੂ ਕਰਦਾ ਹੈ। ਘਰ ਦੀ ਦਹਿਲੀਜ਼ ਉਸ ਲਈ 'ਲੱਛਮਣ ਰੇਖਾ' ਬਣਾ ਦਿੱਤੀ ਗਈ, ਜਿਸ ਨੂੰ ਉਸ ਨੇ ਕਦੇ ਵੀ ਪਾਰ ਕਰਨ ਦਾ ਸਾਹਸ ਨਹੀਂ ਕੀਤਾ ਸੀ। ਪ੍ਰੰਤੂ ਵਾਰਿਸ ਉਸ ਸਮੇਂ ਦੀ ਪਿੱਤਰੀਸੱਤਾ ਦੇ ਸਮਾਜਿਕ ਪ੍ਰਬੰਧ ਨੂੰ ਨਕਾਰ ਕੇ ਇੱਕ ਅਜਿਹੀ 'ਹੀਰ' ਦਾ ਬਿੰਬ ਘੜ੍ਹਦਾ ਹੈ ਜਿਸ ਦੀ ਕਲਪਨਾ ਉਹ ਕਰਨਾ ਚਾਹੁੰਦਾ ਸੀ। 'ਹੀਰ' ਸਮਕਾਲੀਨ ਸਥਿਤੀਆਂ ਵਿਰੁੱਧ ਪ੍ਰਤੀਰੋਧ ਮੂਕ ਰਹਿ ਕੇ ਨਹੀਂ ਸਿਰਜਦੀ ਸਗੋਂ ਉਹ ਬਰਾਬਰੀ ਦੀ ਟੱਕਰ ਲੈ ਕੇ ਆਪਣੇ ਪ੍ਰਤੀਰੋਧ ਨੂੰ ਸਿਰਜਦੀ ਹੈ। ਇਸ ਪੇਪਰ ਇਸ ਤਿੰਨ ਔਰਤ ਪਾਤਰ ਲਏ ਗਏ ਹਨ, ਹੀਰ ਦੀ ਮਾਂ, ਸਹਿਤੀ ਅਤੇ ਹੀਰ । ਇਨ੍ਹਾਂ ਪਾਤਰਾਂ ਦੀ ਸਥਿਤੀ ਨੂੰ ਥ੍ਰੈਸ਼ਹੋਲਡ ਦੇ ਸਿਧਾਂਤ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਵਾਰਿਸ ਸ਼ਾਹ ਇੱਕੋ ਸਮੇਂ ਵਿਚ ਔਰਤ ਦੀਆਂ ਤਿੰਨ ਸਥਿਤੀਆਂ ਨੂੰ ਪੇਸ਼ ਕਰ ਰਿਹਾ ਹੈ। ਹੀਰ ਦੀ ਮਾਂ ਜੋ ਸਮਾਜਿਕ ਨੇਮਾਂ ਨੂੰ ਨਿਭਾਉਂਦੀ ਹੈ। ਦੂਸਰੀ ਹੀਰ ਜੋ ਸਮਾਜਿਕ ਪ੍ਰਬੰਧ ਨਾਲ ਟੱਕਰ ਲੈਂਦੀ ਹੈ ਅਤੇ ਸਹਿਤੀ ਜੋ ਦਹਿਲੀਜ਼ ਦੇ ਉੱਪਰ ਵਾਲੇ ਸਥਾਨ ਤੇ ਖ਼ੜੀ ਹੈ। ਉਹ ਆਜ਼ਾਦੀ ਨੂੰ ਖ਼ਾਸ ਦਾਇਰੇ ਚ ਰਹਿ ਕੇ ਮਾਣਦੀ ਹੈ।

ਮਰਦਾਵੀਂ ਸੱਤਾ ਨੇ ਔਰਤ ਲਈ ਦਹਿਲੀਜ਼ ਦੇ ਅੰਦਰ ਵਾਲਾ ਸਥਾਨ ਨਿਸ਼ਚਿਤ ਕੀਤਾ ਹੈ। ਇਸ ਵਿਚ ਔਰਤ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ ਉਹ ਸਿਰਫ਼ ਮਰਦ ਦੇ ਹੁਕਮਾਂ ਅਨੁਸਾਰ ਆਪਣੀ ਜ਼ਿੰਦਗੀ ਬਸਰ ਕਰਦੀ ਹੈ। ਇਸ ਵਿਚ ਉਸਨੂੰ ਘਰ ਵਿਚ ਕੈਦ ਰੱਖਿਆ ਜਾਂਦਾ ਹੈ, ਉਸ ਨੂੰ ਆਰਥਿਕ ਪੱਖ ਤੋਂ ਹੀਣ ਰੱਖਿਆ ਜਾਂਦਾ ਹੈ, ਸੱਭਿਆਚਾਰਕ ਗਿਆਨ ਪ੍ਰਵਚਨ ਦੀ ਉਸਾਰੀ ਵਿਚ ਉਸ ਲਈ ਇੱਜ਼ਤ, ਅਣਖ਼ ਅਤੇ ਲਿੰਗ ਭੇਦ-ਭਾਵ ਨਾਲ ਸਬੰਧਿਤ ਸਮੱਸਿਆਵਾਂ ਸ਼ਾਮਿਲ ਹੁੰਦੀਆਂ ਹਨ। ਇਹ ਸਥਾਨ ਅਸਲੀ ਅਤੇ ਮਾਨਸਿਕ ਜਗ੍ਹਾਂ ਹੁੰਦੀ ਹੈ ਭਾਵ ਕਿ ਲੇਖਕ ਦੇ ਮਨ ਵਿਚ ਜਿੰਨੀਆਂ ਵੀ ਪੂਰਵ-ਧਾਰਨਾਵਾਂ ਹੁੰਦੀਆਂ ਹਨ ਉਹ ਉਸ ਅਨੁਸਾਰ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦਾ ਹੈ। ਮਾਲਾਸ਼੍ਰੀ ਲਾਲ ਅਨੁਸਾਰ,

> ਪਹਿਲਾ ਅੰਦਰੂਨੀ ਸਥਾਨ,ਦਹਿਲੀਜ਼ ਦੇ ਇਸ ਪਾਸੇ ਇਹ ਅਸਲ ਮਨੋਵਿਗਿਆਨਕ ਸਥਾਨ ਹੈ ਜਿਸਦਾ ਅਰਥ ਹੈ ਕਿ ਬਿਰਤਾਂਤ ਦੇ ਗੁਣਾਂ ਦੇ ਚਰਿੱਤਰ ਵਿਸ਼ੇਸ਼ਤਾ ਵਾਲੇ ਸੰਦ ਆਮ ਤੌਰ 'ਤੇ ਲੇਖਕ ਦੁਆਰਾ ਮੰਨੇ ਗਏ ਰਿਵਾਜ਼ਾਂ ਤੋਂ ਪ੍ਰਾਪਤ ਹੁੰਦੇ ਹਨ। [2]

ਵਾਰਿਸ ਦੀ ਹੀਰ ਅਠਾਰ੍ਹਵੀਂ ਸਦੀ ਦੀ ਰਚਨਾ ਹੈ। ਇਸ ਸਦੀਂ ਦੀ ਔਰਤ ਦਾ ਆਪਣਾ ਕੋਈ ਸੁਤੰਤਰ ਵਿਅਕਤੀਤਵ ਨਹੀਂ ਹੁੰਦਾ ਸਗੋਂ ਉਹ ਸਮਾਜਿਕ ਨੇਮ ਪ੍ਰਬੰਧ ਅਨੁਸਾਰ ਆਪਣੀ ਜ਼ਿੰਦਗੀ ਨੂੰ ਬਤੀਤ ਕਰਦੀ ਹੈ। ਹੀਰ ਦੀ ਮਾਂ ਮਲਕੀ ਵੀ ਸਮਾਜਿਕ ਨੇਮ ਪ੍ਰਬੰਧ ਤੋਂ ਬਾਹਰ ਨਹੀਂ ਹੈ। ਜਦੋਂ ਹੀਰ ਦੇ ਇਸ਼ਕ ਦਾ ਉਸਦੀ ਮਾਂ ਨੂੰ ਪਤਾ ਲੱਗਦਾ ਹੈ ਤਾਂ ਉਹ ਚੂਚਕ ਨੂੰ ਸਖ਼ਤ ਕਦਮ ਉਠਾਉਣ ਲਈ ਆਖਦੀ ਹੈ ਅਤੇ ਹੀਰ ਦਾ ਵਿਆਹ ਜਲਦੀ ਤੋਂ ਜਲਦੀ ਕਰਵਾਉਣ ਲਈ ਕਹਿੰਦੀ ਹੈ। ਮਲਕੀ ਵੀ ਪੁਰਸ਼ਵਾਦੀ ਨਜ਼ਰੀਏ ਤੋਂ ਸੋਚਦੀ ਹੈ। ਉਸਨੂੰ ਆਪਣੀ ਇੱਜ਼ਤ ਅਤੇ ਖ਼ਾਨਦਾਨ ਆਪਣੀ ਜਾਨ ਤੋਂ ਵੀ ਪਿਆਰਾ ਹੈ ਇਸ ਲਈ ਉਹ ਹੀਰ ਨੂੰ ਸਮਝਾਉਂਦੀ ਹੈ ਕਿ ਉਸਨੇ ਘਰ ਦੀ ਇੱਜ਼ਤ ਰੋਲ ਦਿੱਤੀ ਹੈ। ਮਲਕੀ ਹੀਰ ਨੂੰ ਸੁਲਤਾਨ (ਹੀਰ ਦਾ ਭਰਾ) ਅਤੇ ਬਾਪ ਚੂਚਕ ਦਾ ਡਰਾਵਾ ਵੀ ਦਿੰਦੀ ਹੈ। ਉਹ ਕਹਿੰਦੀ ਹੈ

ਕਿ ਅਸੀਂ ਤੈਨੂੰ ਇੰਨੇ ਲਾਡ ਪਿਆਰ ਨਾਲ ਰੱਖਿਆ ਪਰ ਉਸ ਨੇ ਸਮਾਜ ਵਿਚ ਸਾਡੀ ਇਜ਼ਤ ਰੱਲ ਦਿੱਤੀ ਹੈ। ਉਸਨੂੰ ਗਹਿਣੇ ਪਾਉਣ ਦਾ ਹੁਣ ਕੋਈ ਹੱਕ ਨਹੀਂ ਹੈ। ਸਮਾਜ ਵਿਚ ਥਾਂ-ਥਾਂ ਤੇ ਲੋਕ ਉਨ੍ਹਾਂ ਦੀ ਚੁਗਲੀ ਕਰ ਰਹੇ ਹਨ। ਹੀਰ ਦੀ ਮਾਂ ਪਿੱਤਰਸੱਤਾ ਦੇ ਪ੍ਰਭਾਵ ਅਧੀਨ ਆਪਣੀ ਕੁੜੀ ਨੂੰ ਵੀ ਸਮਾਜਿਕ ਨੇਮਾਂ ਅਨੁਸਾਰ ਜ਼ਿੰਦਗੀ ਜਿਉਣ ਲਈ ਆਖਦੀ ਹੈ। ਮਲਕੀ ਆਖਦੀ ਹੈ :-

ਤੇਰੇ ਵੀਰ ਸੁਲਤਾਨ ਨੂੰ ਖ਼ਬਰ ਹੋਵੇ, ਫ਼ਿਕਰ ਕਰੇ ਉਹ ਤੇਰੇ ਮੁਕਾਵਣੇ ਦਾ

ਚੂਚਕ ਬਾਪ ਦੇ ਰਾਜ ਨੂੰ ਲੀਕ ਲਾਈ ਆ,ਕੇਹਾ ਫ਼ਾਇਦਾ ਮਾਪਿਆਂ ਤਾਵਣ ਦਾ

ਨੱਕ ਵੱਢ ਕੇ ਕੋੜਮਾਂ ਗਾਲਿਓ ਈ, ਹੋਇਆ ਫਾਇਦਾ ਲਾਗ ਲਡਾਵਣੇ ਦਾ

ਰਾਤੀਂ ਚਾਕ ਨੂੰ ਚਾਇ ਜਵਾਬ ਦੇਸਾਂ, ਨਹੀਂ ਸ਼ੌਕ ਏ ਮਹੀਂ ਚਰਾਵਣੇ ਦਾ

ਆ ਮਿੱਠੀਏ ਲਾਹ ਨੀ ਸਭ ਗਹਿਣੇ, ਗੁਣ ਕੀ ਹੈ ਗਹਿਣਿਆਂ ਪਾਵਣੇ ਦਾ।।

ਦਹਿਲੀਜ਼ ਦੇ ਉੱਪਰ ਵਾਲਾ ਸਥਾਨ ਨਾਰੀ ਲਈ ਦੋ ਪ੍ਰਭਾਵਾਂ ਦੇ ਵਿਚਕਾਰਲਾ ਸਥਾਨ ਹੁੰਦਾ ਹੈ। ਅੰਦਰੂਨੀ ਸਥਾਨ ਤੋਂ ਇਸ ਵਿਚ ਰੀਤੀ-ਰਿਵਾਜ਼, ਸੱਭਿਆਚਾਰਿਕ ਅਤੇ ਪਾਲਣ ਪੋਸ਼ਣ ਵਾਲੀਆਂ ਧਰਾਨਾਵਾਂ ਸ਼ਾਮਿਲ ਹੁੰਦੀਆਂ ਹਨ। ਪਿੱਤਰੀ ਸੱਤਾ ਦਾ ਪੂਰਾ ਢਾਂਚਾ ਸਾਮਿਲ ਹੁੰਦਾ ਹੈ ਜਿਸ ਵਿਚ ਔਰਤ ਦੀ ਸੁਰੱਖਿਆ ਦੀ ਗਾਰੰਟੀ ਦਿੱਤੀ ਜਾਂਦੀ ਹੈ। ਉਹ ਮਰਦ ਦੇ ਨਜ਼ਰੀਏ ਤੋਂ ਬਾਹਰੀ ਦੁਨੀਆਂ ਬਾਰੇ ਜਾਣਕਾਰੀ ਹਾਸਿਲ ਕਰਦੀ ਹੈ ਪਰੰਤੂ ਜਦੋਂ ਉਹ ਖੁਦ ਬਾਹਰ ਜਾਂਦੀ ਹੈ ਤਾਂ ਉਸਦੇ ਅਨੁਭਵ ਬਿਲਕੁਲ ਵੱਖਰੇ ਹੁੰਦੇ ਹਨ ਇਸ ਲਈ ਉਹ ਇਕੱਲਾ ਮਹਿਸੂਸ ਕਰਦੀ ਹੈ ਕਿਉਂਕਿ ਇਤਿਹਾਸ ਅਤੇ ਪਰਿਵਾਰਿਕ ਰੀਤੀ-ਰਿਵਾਜ਼ ਉਸ ਲਈ ਕੋਈ ਵੀ ਰੋਲ ਮਾਡਲ ਪੇਸ਼ ਨਹੀਂ ਕਰਦੇ ਜਿਸ ਲਈ ਉਹ ਪੜ੍ਹ ਕੇ ਉਹ ਬਾਹਰੀ ਦੁਨੀਆਂ ਵਿਚਲੇ ਭਵਿੱਖ ਬਾਰੇ ਅੰਦਾਜ਼ਾਂ ਲਗਾ ਸਕੇ। ਸਮਾਜਿਕ ਪ੍ਰਬੰਧ ਵਿਚ ਔਰਤ ਅਤੇ ਮਰਦ ਦੇ ਰੋਲ ਵੱਖਰੇ-ਵੱਖਰੇ ਹਨ ਅਤੇ ਇਹ ਰੋਲ ਇੰਨ੍ਹੇ ਪੱਕੇ ਰੂਪ ਵਿਚ ਹਨ ਕਿ ਔਰਤ ਜਦੋਂ ਬਾਹਰ ਆਉਂਦੀ ਹੈ ਤਾਂ ਉਸਨੂੰ ਖੁੱਲ੍ਹੇ ਰੂਪ ਵਿਚ ਘੂਰਿਆ ਜਾਂਦਾ ਹੈ। ਜਿਥੇ ਪਹੁੰਚ ਕੇ ਉਸ ਉੱਪਰ ਬਾਹਰੀ ਤੋਹਮਤਾਂ ਲਗਾ ਦਿੱਤੀਆਂ ਜਾਂਦੀਆਂ ਹਨ ਕਿ ਉਹ ਘਰ ਤੋਂ ਉਲਟ ਚੱਲ ਰਹੀਂ ਹੈ। ਧਰਮ ਉਸ ਉੱਪਰ ਇੱਕ ਹੋਰ ਲੇਬਲ ਲਗਾ ਦਿੰਦੇ ਹਨ ਕਿ ਉਹ ਨੈਤਿਕਤਾ ਦੀ ਧਾਰਨੀ ਨਹੀਂ ਹੈ। ਇਨ੍ਹਾਂ ਬੁਰੀਆਂ ਤੋਹਮਤਾਂ ਕਰਕੇ ਉਹ ਦਹਿਲੀਜ਼ ਦੇ ਉੱਪਰ ਹੀ ਰਹਿੰਦੀ ਹੈ। ਮਾਲਾਸ਼੍ਰੀ ਲਾਲ ਅਨੁਸਾਰ,

ਇਹ ਦੋ ਪ੍ਰਭਾਵਾਂ ਦੇ ਵਿਚਕਾਰ ਸੰਘਰਸ਼ ਵਾਲਾ ਸਥਾਨ ਹੈ ਇਸ ਵਿੱਚ ਅੰਦਰੂਨੀ ਰਿਵਾਜ਼, ਵਿਰਾਸਤ, ਪਾਲਣ-ਪੋਸ਼ਣ ਤੋਂ ਵਿਸ਼ਵਾਸ, ਅਗਿਆਨਤਾ ਅਤੇ ਕੁਝ ਨਾ ਕਰਨ ਦੇ ਸੰਦੇਸ਼ ਆਉਂਦੇ ਰਹਿੰਦੇ ਹਨ। ਪੁਰਸ਼ ਪ੍ਰਧਾਨਤਾ ਦੁਆਰਾ ਪੀੜ੍ਹੀ ਦਰ ਪੀੜ੍ਹੀ ਔਰਤਾਂ ਨੂੰ 'ਸੁਰੱਖਿਆ' ਦੇ ਉਦੇਸ਼ਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।[3]

ਕਿੱਸਾ ਹੀਰ ਵਾਰਿਸ ਵਿਚ ਸਹਿਤੀ ਪਾਤਰ ਵੀ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਆਪ ਪਿਆਰ ਵਿਚ ਮੋਈ ਹੋਣ ਕਾਰਨ ਉਹ ਹੀਰ ਦੀ ਪੀੜਾ ਨੂੰ ਸਮਝਦੀ ਹੈ। ਜਦੋਂ ਰਾਂਝਾ ਜੋਗੀ ਬਣ ਕੇ ਆਉਂਦਾ ਹੈ ਤਾਂ ਇਸ ਦੀ ਖ਼ਬਰ ਹੀਰ ਨੂੰ ਵੀ ਦਿੰਦੀ ਹੈ। ਸਹਿਤੀ ਦਹਿਲੀਜ਼ ਦੇ ਉੱਪਰ ਵਾਲੇ ਸਥਾਨ ‘ਤੇ ਰਹਿੰਦੀ ਹੈ। ਉਹ ਸਮਾਜਿਕ ਨੇਮ ਪ੍ਰਬੰਧ ਅਧੀਨ ਆਪਣੀ ਜ਼ਿੰਦਗੀ ਬਸਰ ਕਰਦੀ ਹੈ। ਉਹ ਆਪਣੇ ਇਸ਼ਕ ਨੂੰ ਨਸ਼ਰ ਨਹੀਂ ਹੋਣ ਦਿੰਦੀ। ਉਹ ਹੀਰ ਵਾਂਗ ਆਪਣੇ ਇਸ਼ਕ ਲਈ ਖੁਲ੍ਹ ਕੇ ਵਿਰੋਧ ਨਹੀਂ ਕਰਦੀ ਸਗੋਂ ਉਹ ਕਿਸੇ ਨਾਲ ਇਸ਼ਕ ਕਰਕੇ ਆਪਣੀ ਆਜ਼ਾਦੀ ਨੂੰ ਮਾਣਦੀ ਤਾਂ ਹੈ ਪਰ ਖ਼ਾਸ ਦਾਇਰੇ ਵਿਚ ਰਹਿ ਕੇ। ਉਹ ਹੀਰ ਨੂੰ ਰਾਂਝੇ ਨਾਲ ਮਿਲਾਉਂਣ ਲਈ ਲੈ ਕੇ ਜਾਂਦੀ ਹੈ ਅਤੇ ਰਾਂਝੇ ਨੂੰ ਕਹਿੰਦੀ ਹੈ ਕਿ ਉਹ ਹੀਰ ਨੂੰ ਲੈ ਜਾਵੇ। ਉਹ ਆਪ ਵੀ ਰੱਬ ਅੱਗੇ ਅਰਦਾਸ ਕਰਦੀ ਹੈ ਕਿ ਹੁਣ ਮੈਨੂੰ ਵੀ ਆਪਣੇ ਯਾਰ ਨਾਲ ਮਿਲਾ ਦੇਵੇ। ਵਾਰਿਸ ਸ਼ਾਹ ਅਨੁਸਾਰ,

> ਜਾਹ ਕਾਸ ਨੂੰ ਬੈਠਾ ਹੈ ਉੱਠ ਜੱਟਾਂ,ਸਵੀਂ ਨਾਹੀਂ ਤੇਰਾ ਰੁਖਸਦ ਹੋਇਆ ਈ।
>
> ...........
>
> ਸਹਿਤੀ ਸਮਝਿਆ ਏਹ ਮਿਲ ਗਏ ਦੋਵੇਂ, ਲਈਆਂ ਘੱਤ ਫਕੀਰ ਦੇ ਪਾਲੀਏ ਨੀ।।

ਦਹਿਲੀਜ਼ ਦੇ ਬਾਹਰ ਵਾਲਾ ਸਥਾਨ ਔਰਤ ਲਈ ਵੱਖਰੇ ਸਥਾਨ ਦੀ ਨਿਰਮਾਣਕਾਰੀ ਕਰਦਾ ਹੈ। ਇਸ ਵਿੱਚ ਔਰਤ ਸਮਾਜਿਕ ਧਾਰਨਾਵਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੰਦੀ ਹੈ। ਲਿੰਗ ਆਧਾਰਿਤ ਵਾਤਾਵਰਨ ਜੋ ਮਰਦ ਨੇ ਉਸਾਰਿਆ ਹੁੰਦਾ ਹੈ, ਉਸ ਵਿਚਲੇ ਖਤਰਿਆ ਨੂੰ ਸਵੀਕਾਰ ਕਰਦੀ ਹੋਈ ਉਨ੍ਹਾਂ ਦਾ ਵਿਰੋਧ ਕਰਦੀ ਹੈ। ਉਹ ਸਮਾਜਿਕ ਨਿਆਂ ਨਾਲ ਖੁਦ ਨੂੰ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਹ ਮਰਦਾਂ ਦੀ ਦੁਨੀਆ ਵਿਚ ਇਕੱਲੀ ਹੀ ਆਪਣੇ ਸਵੈ ਨੂੰ ਸਥਾਪਿਤ ਕਰਦੀ ਹੈ ਅਤੇ ਹੋਰ ਔਰਤਾਂ ਲਈ ਵੀ ਇੱਕ ਰੋਲ ਮਾਡਲ ਬਣਦੀ ਹੈ। ਉਹ ਸਿਰਫ਼ ਸਰੀਰਕ ਪੱਖ ਤੋਂ ਬਾਹਰ ਹੀ ਨਹੀਂ ਆਉਂਦੀ ਸਗੋਂ ਮਾਨਸਿਕ ਰੂਪ ਨਾਲ ਜੁੜੀਆਂ ਧਾਰਨਾਵਾਂ ਤੋਂ ਵੀ ਬਾਹਰ ਆਉਂਦੀ ਹੈ। ਉਹ ਆਪਣੀ ਸਿਰਜੀ ਦੁਨੀਆ ਵਿਚ ਇਕੱਲੀ ਹੁੰਦੀ ਹੈ ਜਿੱਥੇ ਉਸ ਨੂੰ ਦੇਖਣ ਵਾਲੇ ਅਤੇ ਉਸ ਵਿਚ ਰੁਚੀ ਲੈਣ ਵਾਲੇ ਬਹੁਤ ਜਿਆਦਾ ਲੋਕ ਹੁੰਦੇ ਹਨ।

> ਦਹਿਲੀਜ਼ ਦੇ ਨਿਯਮ ਵਿੱਚ ਤੀਜੀ ਧਾਰਨਾਤਮਕ ਸਥਾਨ ਬੇਸ਼ਕ ਘਰ ਤੋਂ ਪਰਾ ਹੈ। ਇਹ ਜਗ੍ਹਾ ਉਹਨਾਂ ਔਰਤਾਂ ਲਈ ਕਾਰਜਸ਼ੀਲ ਹੈ ਜਿਨ੍ਹਾਂ ਨੇ ਆਪਣੀ ਇੱਕ ਦਿਸਾ ਨਿਰਦੇਸ਼ਕ ਯਾਤਰਾ ਵਿੱਚ ਨਾ-ਮਾਤਰ ਚੋਣ ਕੀਤੀ ਹੈ।ਉਨ੍ਹਾਂ ਨੇ ਮਰਦਾਂ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਤਿਆਰ ਕੀਤੇ ਗਏ ਲਿੰਗ ਅਧਾਰਿਤ ਵਾਤਾਵਰਣ ਦੀ ਚੁਣੌਤੀ ਨੂੰ ਸਵੀਕਾਰ ਕੀਤਾ ਹੈ।[4]

ਵਾਰਿਸ ਸ਼ਾਹ ਨੇ ਅਜਿਹੇ ਹੀ ਨਾਰੀ ਬਿੰਬ ਨੂੰ ਘੜ੍ਹਿਆ ਸੀ ਜਿਸ ਨੇ ਪਿੱਤਰਸੱਤਾ ਦੇ ਸਮੁੱਚੇ ਪ੍ਰਬੰਧ ਨੂੰ ਚੁਣੌਤੀ ਦਿੱਤੀ ਸੀ। ਹੀਰ ਮੱਧਕਾਲ ਦੇ ਸਮੇਂ ਵਿਚ ਨਾਰੀ ਵਰਗ ਲਈ ਰੋਲ ਮਾਡਲ ਬਣਦੀ ਹੈ। ਉਹ ਆਪਣੀ ਹੋਂਦ ਲਈ ਸੰਘਰਸ਼ ਕਰਦੀ ਹੈ। ਮੱਧਕਾਲ ਦੇ ਸਮੇਂ

ਵਿਚ ਜਿੱਥੇ ਔਰਤ ਨੂੰ ਘਰ ਵਿਚ ਕੈਦ ਅਤੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਉਸ ਸਮੇਂ ਵਿਚ ਹੀਰ ਵਰਗੇ ਨਾਰੀ ਬਿੰਬ ਨੂੰ ਸਿਰਜਣਾ, ਪਿੱਤਰੀ ਪ੍ਰਧਾਨ ਸਮਾਜ 'ਤੇ ਕਰਾਰੀ ਚੋਟ ਸੀ। ਵਾਰਿਸ ਨੇ ਹੀਰ ਨੂੰ ਸਾਹਸੀ, ਨਿੱਡਰ ਅਤੇ ਦ੍ਰਿੜ ਇਰਾਦੇ ਵਾਲੀ ਪਾਤਰ ਬਣਾਇਆ ਹੈ। ਹੀਰ ਔਰਤ ਨਾਲ ਹੁੰਦੇ ਭੇਦ-ਭਾਵ ਅਤੇ ਲਿੰਗ-ਵਿਤਕਰੇ ਨਾਲ ਭਰੇ ਸਮਾਜ ਵਿਚ ਆਪਣੀ ਹੋਂਦ ਨੂੰ ਤ੍ਰਾਸ਼ਦੀ ਹੈ। ਜਿਵੇਂ ਉਸ ਦਾ ਰਾਂਝੇ ਨਾਲ 'ਇਸ਼ਕ' ਕਰਨਾ। ਔਰਤ ਵਿਆਹ ਤੋਂ ਪਹਿਲਾ ਕਿਸੇ ਮਰਦ ਨਾਲ ਸੰਬੰਧ ਨਹੀਂ ਬਣਾ ਸਕਦੀ। ਉਸ ਸਮੇਂ ਵਿਚ ਇਸ਼ਕ ਇੱਕ ਸੱਭਿਆਚਾਰਿਕ ਵਰਜਣਾ ਸੀ। ਉਹ ਰਾਂਝੇ ਨਾਲ ਇਸ਼ਕ ਕਰਕੇ ਪਿੱਤਰੀ ਪ੍ਰਬੰਧ ਨੂੰ ਚੁਣੌਤੀ ਦਿੰਦੀ ਹੈ ਅਤੇ ਆਪਣੇ ਪ੍ਰਤੀਰੋਧ ਨੂੰ ਸਿਰਜਦੀ ਹੈ। ਫ਼ਿਰ ਉਸ ਦਾ ਰਾਂਝੇ ਨੂੰ ਚੂਰੀ ਲੈ ਕੇ ਜਾਣਾ। ਜਦੋਂ ਉਹ ਰਾਂਝੇ ਨੂੰ ਚੂਰੀ ਲੈ ਕੇ ਜਾਂਦੀ ਹੈ ਤਾਂ ਉਹ ਪਿੱਤਰੀ ਪ੍ਰਬੰਧ ਦੀ ਬਣਾਈ ਦਹਿਲੀਜ਼ ਨੂੰ ਪਾਰ ਕਰਦੀ ਹੈ। ਉਹ ਮਰਦ ਪ੍ਰਧਾਨ ਦੇ ਸਾਰੇ ਨੈਤਿਕ ਪ੍ਰਬੰਧ ਨੂੰ ਪਾਰ ਕਰ ਕੇ ਜਾਂਦੀ ਹੈ। ਹੀਰ ਆਪਣੇ ਪਿਤਾ ਜੋ ਸਾਂਕੇਦਾਰੀ ਪ੍ਰਬੰਧ ਨਾਲ ਬੱਝਿਆ ਹੋਇਆ ਹੈ, ਉਸਨੂੰ ਵੀ ਵੰਗਾਰਦੀ ਹੈ। ਸੱਭਿਆਚਾਰ ਵਿਰੁੱਧ ਵੀ ਆਪਣਾ ਪ੍ਰਤੀਰੋਧ ਸਿਰਜਦੀ ਹੈ। ਜਿਵੇਂ –

ਵਾਰਸ ਸ਼ਾਹ ਨ ਮੁੜਾਂਗੀ ਰਾਂਝੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ॥

ਹੀਰ ਦੇ ਇਹ ਬੋਲ ਸਿਰਫ਼ ਬੋਲ ਹੀ ਨਹੀਂ ਹਨ ਸਗੋਂ ਔਰਤ ਵਰਗ ਦੀ ਸਦੀਆਂ ਤੋਂ ਦੱਬੀ ਹੋਈ ਸੁਰ ਹੈ। ਜਿਸ ਨੂੰ ਵਾਰਿਸ ਸ਼ਾਹ ਨੇ ਹੀਰ ਰਾਹੀਂ ਬੋਲ ਦਿੱਤੇ ਹਨ। ਔਰਤ ਦੀ ਜ਼ਿੰਦਗੀ ਨੂੰ ਵਿਆਹ ਤੋਂ ਪਹਿਲਾ ਉਸਦਾ ਪਿਤਾ, ਵਿਆਹ ਤੋਂ ਬਾਅਦ ਉਸਦਾ ਪਤੀ ਅਤੇ ਫਿਰ ਪੁੱਤਰ ਅਗਵਾਈ ਕਰਦਾ ਹੈ। ਹੀਰ ਇਸ ਪੂਰੇ ਢਾਂਚੇ ਨੂੰ ਆਪਣੀ ਮਰਜ਼ੀ ਅਨੁਸਾਰ ਤੋੜ ਦਿੰਦੀ ਹੈ। ਔਰਤ ਵਿਆਹ ਤੋਂ ਬਾਅਦ ਕਿਸੇ ਗ਼ੈਰ ਮਰਦ ਨਾਲ ਕੋਈ ਰਿਸ਼ਤਾ ਨਹੀਂ ਰੱਖ ਸਕਦੀ ਕਿਉਂਕਿ ਨਿੱਜੀ ਜਾਇਦਾਦ ਨੇ ਔਰਤ ਦੇ ਨਾਲ ਪਵਿੱਤਰਤਾ ਦਾ ਸੰਕਲਪ ਜੋੜ ਦਿੱਤਾ ਹੈ। ਇਸ ਲਈ ਉਹ ਵਿਆਹ ਤੋਂ ਬਾਅਦ ਕਿਸੇ ਗ਼ੈਰ ਮਰਦ ਨਾਲ ਸੰਬੰਧ ਨਹੀਂ ਰੱਖ ਸਕਦੀ। ਵਾਰਸ ਦੀ ਹੀਰ ਨੇ ਇਸ ਮਿੱਥ ਵੀ ਤੋੜਿਆ ਹੈ। ਉਹ ਵਿਆਹ ਤੋਂ ਬਾਅਦ ਕਿਸੇ ਤੋਂ ਡਰਦੀ ਨਹੀਂ, ਉਹ ਸੈਦੇ ਖੇੜੇ ਨੂੰ ਨੇੜੇ ਨਹੀਂ ਲੱਗਣ ਦਿੰਦੀ। ਉਹ ਰਾਂਝੇ ਨਾਲ ਮਿਲ ਕੇ ਘਰ ਤੋਂ ਭੱਜ ਜਾਂਦੀ ਹੈ। ਵਿਆਂਹ ਤੋਂ ਪਹਿਲਾ ਵੀ ਉਹ ਰਾਂਝੇ ਨੂੰ ਘਰ ਤੋਂ ਭੱਜਣ ਲਈ ਕਹਿੰਦੀ ਹੈ ਪਰ ਰਾਂਝਾਂ ਉਸਨੂੰ ਸਮਾਜਿਕ ਪ੍ਰਬੰਧ ਦੇ ਨਿਯਮ ਦੱਸਦਾ ਹੋਇਆ ਭਾਂਜਵਾਦੀ ਬਣ ਜਾਂਦਾ ਹੈ। ਵਾਰਿਸ ਸ਼ਾਹ ਅਨੁਸਾਰ,

ਨੀ ਮੈਂ ਆਖ ਥਕੀ ਭੈੜੇ ਕਮਲੜੇ ਨੂੰ

ਲੈ ਕੇ ਉੱਠ ਚਲੇ, ਵਕਤ ਲੰਘਾਇਆ ਸੂ।

ਮੇਰਾ ਆਖਿਆ ਓਸ ਨ ਕੰਨ ਕੀਤਾ,

ਹੁਣ ਕਾਸਨੂੰ ਡੁੱਸਕਣਾ ਲਾਇਆ ਸੂ॥

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮੱਧਕਾਲ ਦੇ ਪਿੱਤਰੀ ਪ੍ਰਬੰਧ ਦੇ ਸੱਤਾ ਅਤੇ ਗਿਆਨ ਪ੍ਰਵਚਨ ਦੀਆਂ ਸੰਸਥਾਵਾਂ ਦੀਆਂ ਸਦੀਆਂ ਤੋਂ ਸਥਾਪਿਤ ਜੜ੍ਹਾਂ ਹਿਲਾ ਦਿੱਤਾ ਸੀ। ਇਸ ਲਈ ਉਸ ਨੇ ਹੀਰ ਦੇ ਬਿੰਬ ਦੀ ਸਿਰਜਣਾ ਕੀਤੀ। ਔਰਤ ਦੇ ਉਸ ਬਿੰਬ ਨੂੰ ਘੜ੍ਹਿਆ ਜੋ ਸਥਾਪਤੀ ਦੀ ਪਰੰਪਰਾ ਵਿਰੁੱਧ ਪ੍ਰਤੀਰੋਧ ਦੀ ਬਗ਼ਾਵਤੀ ਧੁਨੀ ਨੂੰ ਉਸਾਰਦੀ ਹੈ।

ਉਪਰੋਕਤ ਵਿਚਾਰ ਚਰਚਾ ਨੂੰ ਸਮੇਟਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਿਕ ਵਿਵਸਥਾ ਵਿਚ ਔਰਤ ਹਰ ਸਮੇਂ ਵਿਚ ਪਿਸਦੀ ਰਹੀਂ ਹੈ। ਉਸ ਲਈ ਦਹਿਲੀਜ਼ ਦੀ ਪਰੰਪਰਾ ਕਾਇਮ ਕੀਤੀ ਗਈ ਹੈ। ਉਸਨੂੰ ਘਰ ਦੇ ਕੰਮਾਂ, ਘਰ ਦੀ ਇੱਜ਼ਤ, ਅਣਖ ਵਰਗੇ ਅਖੌਤੀ ਸ਼ਬਦਾਂ ਨਾਲ ਗੂੜ੍ਹ ਕੀਤਾ ਜਾਂਦਾ ਹੈ। ਉਸ ਦੀ ਸਵੈ ਦੀ ਪਛਾਣ ਨੂੰ ਖ਼ਤਮ ਕਰਕੇ ਇਕ ਦੱਬੀ ਔਰਤ ਦੀ ਪਛਾਣ ਘੜ੍ਹੀ ਜਾਂਦੀ ਹੈ। ਸਮਾਜ ਦੇ ਸੰਵੇਦਨਸ਼ੀਲ ਵਿਦਵਾਨ ਸੱਤਾ ਪ੍ਰਵਚਨ ਦੀਆਂ ਰਮਜ਼ਾਂ ਨੂੰ ਆਪਣੀ ਕਲਮ ਦੀ ਸ਼ਕਤੀ ਰਾਹੀਂ ਪਕੜ ਕੇ ਸਾਡੇ ਸਾਮਹਣੇ ਪੇਸ਼ ਕਰਦੇ ਹਨ। ਜਿਵੇਂ ਵਾਰਿਸ ਨੇ ਸਨਾਤਨੀ ਮੱਧਕਾਲੀ ਸਮਾਜ ਦੀ ਪੂਰੀ ਵਿਵਸਥਾ ਨੂੰ ਆਪਣੀ ਕਲਾਤਮਿਕ ਸ਼ਕਤੀ ਨਾਲ ਪੇਸ਼ ਕੀਤਾ ਹੈ। ਉਸ ਨੇ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰਿਕ ਪ੍ਰਬੰਧ ਵਿਚ ਵਿਚਰ ਰਹੀਂ ਔਰਤ ਦੀ ਸਥਿਤੀ ਨੂੰ ਪੇਸ਼ ਕੀਤਾ ਹੈ। ਕਿੱਸੇ ਦੀਆਂ ਤਿੰਨ ਔਰਤ ਪਾਤਰ ਉਸ ਸਮੇਂ ਦੇ ਪੂਰੇ ਪ੍ਰਬੰਧ ਵਿਚ ਸਮੁੱਚੀ ਔਰਤ ਦੀ ਕਹਾਣੀ ਨੂੰ ਬਿਆਨ ਕਰਦੇ ਹਨ।

**ਹਵਾਲੇ ਅਤੇ ਟਿੱਪਣੀਆਂ** :-

1. The Threshold is real as well as a symbolic bar marking a critical transition. Men have traditionaly passed over the threshold unchallenged and partaken Of both worlds the one within and the other without. Women have been expected To inhabit only the world contained by the boundaries of home. Malashri Lal, The Law Of The Threshold, Indian Institute Of Advanced study Rashtrapati Nivas, Shimla, 2005,Ibid, page 12

2. First interior space. This is a real and psychological location on this side of the threshold which means that the characteristic positional tools of the narrative derive from conventions commonly assumed by the author.Page 14

3. This is a contested space between two kinds of influence. From the interior, by now understood as custom,heritage,beliefs from upbringings,come messages of conformity and inaction.coded by generations of patriarchal hegemony, the woman is offered the allurements of 'Security'. Malashri Lal, The Law Of The Threshold, Indian Institute Of Advanced study Rashtrapati Nivas, Shimla, 2005, page 17

4. The third conceptual space in the law of the Threshold is of course, the world beyond the home, taking count of its real and metaphysical components. This space is operative for the woman who has made the irretrievable choice in her one directional journey. She has accepted the challenge of a gender determined enviorment designed for the promotion and prosperity of men. Malashri Lal, The Law Of The Threshold, Indian Institute Of Advanced study Rashtrapati Nivas, Shimla, 2005, page 19